# Official Spokesperson's response to media queries on the demise of Father Stan Swamy

July 06, 2021

## ਪਾਦਰੀ ਸਟੈਨ ਸਵਾਮੀ ਦੇ ਦੇਹਾਂਤ 'ਤੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

6 ਜੁਲਾਈ, 2021

ਪਾਦਰੀ ਸਟੈਨ ਸਵਾਮੀ ਦੇ ਦੇਹਾਂਤ 'ਤੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ:

1. "ਅਸੀਂ ਪਾਦਰੀ ਸਟਾਨ ਸਵਾਮੀ ਦੇ ਦੇਹਾਂਤ ਬਾਰੇ ਰਿਪੋਰਟਾਂ ਵੇਖੀਆਂ ਹਨ।

2. ਪਾਦਰੀ ਸਟੈਨ ਸਵਾਮੀ ਨੂੰ ਕਾਨੂੰਨੀ ਪ੍ਰਕਿਰਿਆ ਅਨੁਸਾਰ ਰਾਸ਼ਟਰੀ ਜਾਂਚ ਏਜੰਸੀ ਨੇ ਗ੍ਰਿਫਤਾਰ ਕਰ ਹਿਰਾਸਤ ਵਿੱਚ ਲਿਆ। ਉਨ੍ਹਾਂ ਖ਼ਿਲਾਫ਼ ਸਪਸ਼ਟ ਇਲਜ਼ਾਮ ਹੋਣ ਕਾਰਨ ਉਨ੍ਹਾਂ ਦੀਆਂ ਜ਼ਮਾਨਤ ਅਰਜ਼ੀਆਂ ਨੂੰ ਅਦਾਲਤ ਨੇ ਖਾਰਜ ਕੀਤਾ। ਭਾਰਤ ਵਿੱਚ ਅਧਿਕਾਰੀ ਕਾਨੂੰਨ ਦੀ ਉਲੰਘਣਾ ਵਿਰੁੱਧ ਕੰਮ ਕਰਦੇ ਹਨ ਨਾ ਕਿ ਅਧਿਕਾਰਾਂ ਦੀ ਜਾਇਜ਼ ਵਰਤੋਂ ਦੇ ਵਿਰੁੱਧ। ਅਜਿਹੀਆਂ ਸਾਰੀਆਂ ਕਾਰਵਾਈਆਂ ਬਿਲਕੁਲ ਕਾਨੂੰਨ ਦੇ ਅਨੁਸਾਰ ਹੁੰਦੀਆਂ ਹਨ।

3. ਪਾਦਰੀ ਸਟੈਨ ਸਵਾਮੀ ਦੇ ਬਿਮਾਰ ਹੋਣ ਦੇ ਮੱਦੇਨਜ਼ਰ ਬੰਬੇ ਹਾਈ ਕੋਰਟ ਨੇ ਉਨ੍ਹਾਂ ਨੂੰ ਨਿੱਜੀ ਹਸਪਤਾਲ ਵਿੱਚ ਆਪਣਾ ਇਲਾਜ ਕਰਾਉਣ ਦੀ ਇਜਾਜ਼ਤ ਦਿੱਤੀ ਸੀ, ਜਿਥੇ ਉਨ੍ਹਾਂ ਨੂੰ 28 ਮਈ ਤੋਂ ਹਰ ਸੰਭਵ ਡਾਕਟਰੀ ਸਹਾਇਤਾ ਮਿਲ ਰਹੀ ਸੀ। ਉਨ੍ਹਾਂ ਦੀ ਸਿਹਤ ਦੇ ਹਾਲਾਤ ਅਤੇ ਡਾਕਟਰੀ ਇਲਾਜ ਦੀ ਅਦਾਲਤਾਂ ਦੁਆਰਾ ਨੇੜਿਓਂ ਨਿਗਰਾਨੀ ਕੀਤੀ ਜਾ ਰਹੀ ਸੀ। ਡਾਕਟਰੀ ਪੇਚੀਦਗੀਆਂ ਪੈਦਾ ਹੋਣ ਤੋਂ ਬਾਅਦ 5 ਜੁਲਾਈ ਨੂੰ ਉਹ ਅਕਾਲ ਚਲਾਣਾ ਕਰ ਗਏ।

4. ਭਾਰਤ ਦੀ ਲੋਕਤੰਤਰੀ ਅਤੇ ਸੰਵਿਧਾਨਕ ਰਾਜ ਵਿਵਸਥਾ ਦੇ ਨਾਲ ਨਾਲ ਇਥੇ ਸੁਤੰਤਰ ਨਿਆਂਪਾਲਿਕਾ ਹੈ, ਰਾਸ਼ਟਰੀ ਅਤੇ ਰਾਜ ਪੱਧਰੀ ਦੇ ਵੱਖ ਵੱਖ ਮਨੁੱਖੀ ਅਧਿਕਾਰ ਕਮਿਸ਼ਨ ਹਨ ਜੋ ਉਲੰਘਣਾਵਾਂ ਤੇ ਨਜ਼ਰ ਰੱਖਦੇ ਹਨ, ਅਜ਼ਾਦ ਮੀਡੀਆ ਹੈ ਅਤੇ ਸਰਗਰਮ ਨਾਗਰਿਕ ਸਮੁਦਾ ਹੈ। ਭਾਰਤ ਆਪਣੇ ਸਾਰੇ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਨੂੰ ਹੋਰ ਅੱਗੇ ਵਧਾਉਣ ਅਤੇ ਉਨ੍ਹਾਂ ਨੂੰ ਕਾਇਮ ਰੱਖਣ ਪ੍ਰਤੀ ਵਚਨਬੱਧ ਹੈ।"

ਨਵੀਂ ਦਿੱਲੀ
6 ਜੁਲਾਈ, 2021

DISCLAIMER: This is an approximate translation. The original is available in English on MEA's website and may be referred to as the official press release.